

# ਡਾਇਟੀਸ਼ੀਅਨ ਸੇਵਾਵਾਂ – ਹੈਲਥਲਿੰਕ ਬੀਸੀ

## ਹੈਲਥਲਿੰਕ ਬੀਸੀ

ਹੈਲਥਲਿੰਕ ਬੀਸੀ ਬ੍ਰਿਟਿਸ਼ ਕੋਲੰਬੀਆ ਵਿੱਚ ਸਿਹਤ ਸੰਬੰਧੀ ਗੈਰ – ਐਮਰਜੈਂਸੀ ਜਾਣਕਾਰੀ ਅਤੇ ਸਲਾਹ ਤੱਕ ਪਹੁੰਚ ਮੁਹੱਈਆ ਕਰਦੀ ਹੈ। ਜਾਣਕਾਰੀ ਅਤੇ ਸਲਾਹ ਸਾਡੀ ਵੈੱਬਸਾਇਟ 'ਤੇ ਜਾਂ **8-1-1** 'ਤੇ ਫੋਨ ਕਰਕੇ ਉਪਲਬਧ ਹੈ। ਹੋਰ ਜਾਣਕਾਰੀ ਲਈ: www.healthlinkbc.ca ਤੇ ਜਾਓ।

## ਹੈਲਥਲਿੰਕ ਬੀਸੀ ਵਿੱਚ ਡਾਇਟੀਸ਼ੀਅਨ ਸੇਵਾਵਾਂ

ਸਾਡੇ ਰਜਿਸਟਰਡ ਡਾਇਟੀਸ਼ੀਅਨ ਬੀ ਸੀ ਦੇ ਨਿਵਾਸੀਆਂ ਅਤੇ ਸਿਹਤ ਪੇਸ਼ੇਵਰਾਂ ਦੀਆਂ ਪੋਸ਼ਣ ਜਾਣਕਾਰੀ, ਸਿੱਖਿਆ ਅਤੇ ਸਲਾਹ ਮਸ਼ਵਰੇ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਟੇਲੀਫੋਨ, ਈਮੇਲ ਅਤੇ ਵੈੱਬ-ਅਧਾਰਤ ਪੋਸ਼ਣ ਸੇਵਾਵਾਂ ਪੇਸ਼ ਕਰਦੇ ਹਨ।

## ਕੰਮ ਕਰਨ ਦੇ ਘੰਟੇ : ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9ਵਜੇ – ਸ਼ਾਮ 5ਵਜੇ ਪੈਸੇਫਿਕ ਟਾਇਮ

ਰਜਿਸਟਰਡ ਡਾਇਟੀਸ਼ੀਅਨ ਦੇ ਨਾਲ ਗੱਲ ਕਰਨ ਲਈ **8-1-1** ਤੇ ਫੋਨ ਕਰੋ। 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।

ਭੋਜਨ ਅਤੇ ਪੋਸ਼ਣ ਬਾਰੇ ਆਪਣੇ ਪ੍ਰਸ਼ਨ ਹੈਲਥਲਿੰਕ ਬੀਸੀ ਡਾਇਟੀਸ਼ੀਅਨ ਨੂੰ ਈਮੇਲ ਕਰੋ: www.healthlinkbc.ca/emaildietitian

ਸਿਹਤਮੰਦ ਖਾਣਪੀਣ ਅਤੇ ਜੀਵਨਸ਼ੈਲੀ ਸੰਬੰਧੀ ਚੋਣਾਂ ਕਰਨ ਬਾਰੇ ਸਿੱਖਣ ਲਈ ਸਾਡੀ ਵੈੱਬਸਾਇਟ ਤੇ ਜਾਓ: www.healthlinkbc.ca/healthyeating

ਰੈਫਰਲ ਫਾਰਮਾਂ ਲਈ ਬੇਨਤੀ ਕਰੋ। ਸਿਹਤ ਦੇਖਭਾਲ ਪ੍ਰਦਾਤਾ ਟੇਲੀਫੋਨ ਪੋਸ਼ਣ ਸਲਾਹ ਮਸ਼ਵਰੇ ਰੈਫਰਲ ਫਾਰਮਾਂ ਲਈ **8-1-1** ਨੂੰ ਫੋਨ ਕਰ ਸਕਦੇ ਹਨ।

## ਵਿਸ਼ੇਸ਼ ਪ੍ਰੋਗਰਾਮ ਅਤੇ ਸੇਵਾਵਾਂ

*ਈਟਿੰਗ ਐਂਡ ਐਕਟਿਵਿਟੀ ਪ੍ਰੋਗਰਾਮ ਫਾਰ ਕਿਡਜ਼ (Eating and Activity Program for Kids):* ਸਿਹਤਮੰਦ ਭਾਰਾਂ ਤੱਕ ਪਹੁੰਚਣ ਅਤੇ ਉਨ੍ਹਾਂ ਦੀ ਸਮੁੱਚੀ ਸਿਹਤ ਅਤੇ ਜੀਵਨ ਦੀ ਗੁਣਵੱਤਾ ਸੁਧਾਰਨ ਲਈ ਬੱਚਿਆਂ, ਕਿਸ਼ੋਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਮਰਥਨ ਕਰਦਾ ਹੈ।

*ਪੀਡੀਐਟਰਿਕ ਨਿਊਟ੍ਰੀਸ਼ਨ ਸਰਵਿਸ (Pediatric Nutrition Service):* ਮਾਤਾ-ਪਿਤਾ, ਦੇਖਭਾਲ ਕਰਨ ਵਾਲਿਆਂ ਅਤੇ ਸਿਹਤ ਪੇਸ਼ੇਵਰਾਂ ਨੂੰ ਪੋਸ਼ਣ ਸੰਬੰਧੀ ਮੁੱਦਿਆਂ ਜਿਵੇਂ ਕਿ ਖਾਣਪੀਣ ਵਿੱਚ ਤੰਗ ਕਰਨ ਨਾਲ ਅਤੇ ਫੀਡਿੰਗ ਨਾਲ ਸੰਬੰਧਤ ਸਮੱਸਿਆਵਾਂ, ਫਲਣ ਫੁਲਣ ਵਿੱਚ ਨਾਕਾਮੀ, ਵਿਟਾਮਿੰਨ ਅਤੇ ਖਣਿਜ ਪੂਰਕ ਦੇਣ ਅਤੇ ਸਿਹਤ ਸੰਬੰਧੀ ਖਾਸ ਲੋੜਾਂ ਦਾ ਪ੍ਰਬੰਧ ਕਰਨ ਵਿੱਚ ਸਹਾਰਾ ਦਿੰਦੀ ਹੈ।

*ਪ੍ਰਾਂਤੀਏ ਫੂਡ ਪਾਲਿਸੀ ਸਰਵਿਸ (Provincial Food Policy Service):* ਭੋਜਨ ਸਰਵਿਸ ਉਦਯੋਗ, ਸਿਹਤ ਪੇਸ਼ੇਵਰਾਂ ਅਤੇ ਜਨਤਾ ਨੂੰ ਪੋਸ਼ਣ ਅਤੇ ਭੋਜਨ ਵਿਗਿਆਨ ਸੰਬੰਧੀ ਮਹਾਰਤ ਮੁਹੱਈਆ ਕਰਦੀ ਹੈ।
ਜਿਆਦਾ ਸਿਹਤਮੰਦ ਭੋਜਨ ਸਪਲਾਈ ਅਤੇ ਸਿਹਤਮੰਦ ਖਾਣ ਪੀਣ ਨੂੰ ਵਧਾਵਾ ਦੇਣ ਲਈ ਭੋਜਨ ਸੰਬੰਧੀ ਪ੍ਰਾਂਤੀਏ ਨਿਯਮਾਂ, ਨੀਤੀਆਂ ਅਤੇ ਸਭ ਤੋਂ ਵਧੀਆ ਅਮਲਾਂ ਦਾ ਸਮਰਥਨ ਕਰਦਾ ਹੈ।

*ਔਨਕੌਲੋਜੀ ਨਿਊਟ੍ਰੀਸ਼ਨ ਸਰਵਿਸ (Oncology Nutrition Service):* ਕੈਂਸਰ ਨਾਲ ਰਹਿ ਰਹੇ ਲੋਕਾਂ ਲਈ ਕੈਂਸਰ ਇਲਾਜ ਤੋਂ ਪਹਿਲਾਂ, ਉਸਦੇ ਦੌਰਾਨ ਅਤੇ ਉਸ ਤੋਂ ਬਾਅਦ ਪੋਸ਼ਣ ਸੰਬੰਧੀ ਲੋੜਾਂ ਦਾ ਸਮਰਥਨ ਕਰਦੀ ਹੈ।

*ਅਲਰਜੀ ਨਿਊਟ੍ਰੀਸ਼ਨ ਸਰਵਿਸ (Allergy Nutrition Service):* ਭੋਜਨ ਸੰਬੰਧੀ ਅਲਰਜੀ ਵਾਲੇ ਨਿਆਣਿਆਂ, ਬੱਚਿਆਂ ਅਤੇ ਬਾਲਗਾਂ ਦੀਆਂ ਪੋਸ਼ਣ ਸੰਬੰਧੀ ਲੋੜਾਂ ਨੂੰ ਪੂਰਾ ਕਰਦੀ ਹੈ। ਉਨ੍ਹਾਂ ਦੇ ਭਾਈਚਾਰੇ ਵਿੱਚ ਭੋਜਨ ਸੰਬੰਧੀ ਅਲਰਜੀ ਵਾਲੇ ਕਲਾਇੰਟਾਂ ਦੀਆਂ ਪੋਸ਼ਣ ਸੰਬੰਧੀ ਲੋੜਾਂ ਨੂੰ ਪੂਰਾ ਕਰਨਾ ਚਾਹੁਣ ਵਾਲੇ ਸਿਹਤ ਪੇਸ਼ੇਵਰਾਂ ਲਈ ਪ੍ਰੈਕਟਿਸ ਸੰਬੰਧੀ ਉਨੱਤ ਸਲਾਹ ਮਸ਼ਵਰਾ ਪੇਸ਼ ਕੀਤਾ ਜਾਂਦਾ ਹੈ।

*ਰਿਸੋਰਸ ਮੈਨੇਜਮੈਂਟ (Resource Management):* ਪੇਸ਼ੇਵਰ ਅਭਿਆਸ ਨੂੰ ਸੇਧ ਪ੍ਰਦਾਨ ਕਰਨ ਵਿੱਚ ਮਦਦ ਕਰਨ ਲਈ ਅਤੇ ਜਨਤਾ ਲਈ ਸਿਹਤਮੰਦ ਜੀਵਨਸ਼ੈਲੀ ਦਾ ਸਮਰਥਨ ਕਰਨ ਵਾਸਤੇ ਪ੍ਰਮਾਣਾਂ ਤੇ ਅਧਾਰਤ ਭੋਜਨ ਅਤੇ ਪੋਸ਼ਣ ਸੰਬੰਧੀ ਸੇਧਾਂ ਬਣਾਉਂਦੀ, ਉਨ੍ਹਾਂ ਦਾ ਅਨੁਵਾਦ ਅਤੇ ਵਿਤਰਨ ਕਰਦੀ ਹੈ।

BRITISH COLUMBIA | HealthLinkBC